# ਸਕੈਫੋਲਡਰ



"ਮੈਨੂੰ ਕੰਮ ਦੀ ਥਾਂ `ਤੇ ਜ਼ਰੂਰੀ ਰੋਲ ਹੋਣਾ ਪਸੰਦ ਹੈ। ਤਕਰੀਬਨ ਸਾਰੇ ਸੈਕਟਰਾਂ ਵਿਚ ਕੰਮ ਕਰਨ ਦੇ ਯੋਗ ਹੋਣਾ ਵੀ ਬਹੁਤ ਵਧੀਆ ਹੈ।"

## ਇਸ ਕਿੱਤੇ ਬਾਰੇ

ਸਕੈਫਫੋਲਡਰ ਅਜਿਹੇ ਸਿਸਟਮ ਜੋੜਦੇ ਹਨ ਜਿਹੜੇ ਸਾਜ਼-ਸਾਮਾਨ ਅਤੇ ਸਾਮੱਗਰੀ ਨੂੰ ਸਹਾਰਾ ਦੇਣ ਲਈ ਵਰਤੇ ਜਾਂਦੇ ਟੈਂਪਰੇਰੀ ਢਾਂਚੇ ਹੁੰਦੇ ਹਨ, ਅਤੇ ਇਹ ਕਨਸਟਰੱਕਸ਼ਨ ਅਤੇ ਬਿਲਡਿੰਗਾਂ ਅਤੇ ਸਥਾਨਾਂ ਦੀ ਸੰਭਾਲ ਕਰਨ ਵਾਲੇ ਵਰਕਰਾਂ ਲਈ ਪਹੁੰਚ ਪ੍ਰਦਾਨ ਕਰਦੇ ਹਨ। ਸਕੈਫਫੋਲਡਰ ਕਨਸਟਰੱਕਸ਼ਨ ਇੰਡਸਟਰੀ ਦੇ ਤਕਰੀਬਨ ਸਾਰੇ ਖੇਤਰਾਂ ਵਿਚ ਕੰਮ ਕਰ ਸਕਦੇ ਹਨ, ਜਿਨ੍ਹਾਂ ਵਿਚ ਰਿਹਾਇਸ਼ੀ, ਕਮਰਸ਼ੀਅਲ, ਇੰਡਸਟਰੀਅਲ ਅਤੇ ਰੱਖ-ਰਖਾਅ ਸ਼ਾਮਲ ਹਨ।

**$16.52-$43.06 /ਪ੍ਰਤੀ ਘੰਟਾ**

ਅਨੁਮਾਨਤ ਵਾਧਾ
(ਕਨਸਟਰੱਕਸ਼ਨ ਲੇਬਰ ਫੋਰਸ)
2020 ਦੇ ਮੁਕਾਬਲੇ ਦਹਾਕੇ ਦੌਰਾਨ 10%

**BuildForce Canada*

- ✓ ਤੁਸੀਂ ਰਲ ਕੇ ਕੰਮ ਕਰਦੇ ਹੋ।
- ✓ ਤੁਸੀਂ ਅੰਦਰ ਅਤੇ ਬਾਹਰ ਕੰਮ ਕਰਨ ਦਾ ਆਨੰਦ ਮਾਣਦੇ ਹੋ।
- ✓ ਤੁਸੀਂ ਭਰੋਸੇਯੋਗ ਹੋ ਅਤੇ ਤੁਹਾਡਾ ਵਿਹਾਰ ਚੰਗਾ ਹੈ।

## ਜ਼ਿੰਮੇਵਾਰੀਆਂ

- ਸਕੈਫਫੋਲਡਿੰਗ ਦੀ ਸਾਮੱਗਰੀ ਨੂੰ ਲਾਹੁਣਾ
- ਬੇਸ ਪਲੇਟਾਂ ਅਤੇ ਸਕੈਫੋਲਡ ਟਿਊਬਾਂ ਸੈੱਟ ਕਰਨਾ
- ਲੋੜ ਮੁਤਾਬਕ ਕੱਟਣਾ ਅਤੇ ਨਾਪਣਾ
- ਢਾਂਚਿਆਂ ਨੂੰ ਸਥਿਰ ਕਰਨ ਲਈ ਸਕੈਫਫੋਲਡਿੰਗ ਨੂੰ ਉਨ੍ਹਾਂ ਨਾਲ ਜੋੜਨਾ
- ਪੌੜੀਆਂ ਅਤੇ ਵਾਕਵੇਅਜ਼ ਇਨਸਟਾਲ ਕਰਨਾ
- ਜੰਗਲੇ ਅਤੇ ਸੇਫਟੀ ਨੈਟਿੰਗ ਬੀੜਨਾ
- ਜੌਬ ਦੇ ਅੰਤ `ਤੇ ਸਕੈਫਫੋਲਡਿੰਗ ਨੂੰ ਉਧੇੜਨਾ
- ਬਲੂਪ੍ਰਿੰਟਸ, ਡਰਾਇੰਗਜ਼ ਅਤੇ ਨਕਸ਼ਿਆਂ ਨੂੰ ਪੜ੍ਹਨਾ ਅਤੇ ਇਨ੍ਹਾਂ ਦਾ ਮਤਲਬ ਕੱਢਣਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

ਇਸ ਨਾਲ ਸੰਬੰਧਿਤ ਜਰਨੀਪਰਸਨ ਦਾ ਸਰਟੀਫਿਕੇਟ ਹੋਣਾ, ਅਪਰੈਂਟਿਸਸ਼ਿਪ ਦੀ ਮਿਆਦ ਦੀ ਲੰਬਾਈ ਘਟਾ ਸਕਦਾ ਹੈ।

**ਅਪਰੈਂਟਿਸਸ਼ਿਪ ਪ੍ਰੋਗਰਾਮ:**
4 ਸਾਲ, ਜਿਸ ਵਿਚ 360 ਘੰਟਿਆਂ ਦੀ ਟੈਕਨੀਕਲ ਟਰੇਨਿੰਗ ਅਤੇ 5,200 ਘੰਟਿਆਂ ਦੀ ਜੌਬ `ਤੇ ਟਰੇਨਿੰਗ ਅਤੇ ਇਮਤਿਹਾਨ ਸ਼ਾਮਲ ਹਨ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ।

ਭਾਵੇਂ ਕਿ ਸਕੈਫਫੋਲਡਿੰਗ ਬੀ.ਸੀ. ਵਿਚ ਇਕ ਨਿਸ਼ਚਿਤ ਕੀਤਾ ਹੋਇਆ ਟਰੇਡ ਨਹੀਂ ਹੈ, ਬ੍ਰਿਟਿਸ਼ ਕੋਲੰਬੀਆ ਰੀਜਨਲ ਕੌਂਸਲ ਔਫ ਕਾਰਪੈਂਟਰਜ਼ ਇਕ ਮੁਕੰਮਲ ਸਕੈਫਫੋਲਡ ਸਰਟੀਫਿਕੇਸ਼ਨ ਪ੍ਰੋਗਰਾਮ ਪ੍ਰਦਾਨ ਕਰਦੀ ਹੈ ਜਿਹੜਾ ਇੰਡਸਟਰੀ ਦੇ ਮਿਆਰਾਂ ਨੂੰ ਪੂਰਾ ਕਰਦਾ ਹੈ ਅਤੇ ਉਨ੍ਹਾਂ ਤੋਂ ਅੱਗੇ ਜਾਂਦਾ ਹੈ।

ਅਪਰੈਂਟਿਸਸ਼ਿਪ ਦੀ ਮਿਆਦ ਦੀ ਲੰਬਾਈ ਸੰਭਵ ਤੌਰ `ਤੇ ਘਟਾਉਣ ਲਈ: ਸਟੱਡੀ ਦੇ ਮੁਕੰਮਲ ਕੀਤੇ ਹੋਏ ਕੋਰਸ, ਸਕੈਫਫੋਲਡਿੰਗ ਨਾਲ ਸੰਬੰਧਿਤ ਕੰਮ ਦਾ ਤਜਰਬਾ ਜਾਂ ਇਸ ਨਾਲ ਸੰਬੰਧਿਤ ਜਰਨੀਪਰਸਨ ਦਾ ਸਰਟੀਫਿਕੇਟ ਅਤੇ ਇਮਪਲੌਇਅਰ ਦੀ ਸਿਫਾਰਸ਼।

### ਮੁੱਖ ਹੁਨਰ ਅਤੇ ਗੁਣ
(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਹਿਸਾਬ, ਪੜ੍ਹਨ ਅਤੇ ਗੱਲਬਾਤ ਕਰਨ ਦੇ ਵਧੀਆ ਹੁਨਰ
- ਸਮੱਸਿਆ ਦਾ ਹੱਲ ਕਰਨ ਅਤੇ ਕ੍ਰਿਟੀਕਲ ਸੋਚਣੀ ਦੇ ਵਧੀਆ ਹੁਨਰ
- ਖਿਆਲੀ ਤਸਵੀਰ ਦੇ ਅਤੇ ਔਰਗੇਨਾਈਜ਼ ਕਰਨ ਦੇ ਹੁਨਰ
- ਹਾਂ ਪੱਖੀ ਵਤੀਰਾ
- ਹੋਰਨਾਂ ਨਾਲ ਰਲ ਕੇ ਕੰਮ ਕਰਨਾ
- ਉਚਾਈਆਂ `ਤੇ ਕੰਮ ਕਰਨ ਅਤੇ ਕੰਮ ਦੇ ਸੁਰੱਖਿਅਤ ਅਮਲ ਲਾਗੂ ਕਰਨ ਦੀ ਸਮਰੱਥਾ

College of the BC Building Trades

## ਕੀ ਤੁਹਾਨੂੰ ਪਤਾ ਸੀ?

ਸਕੈਫਫੋਲਡਰ ਕਨਸਟਰੱਕਸ਼ਨ ਇੰਡਸਟਰੀ ਵਿਚ ਇਕ ਲਾਜ਼ਮੀ ਰੋਲ ਨਿਭਾਉਂਦੇ ਹਨ। ਉਹ ਅਕਸਰ ਜੌਬ ਉੱਪਰ ਪਹਿਲਾਂ ਜਾਣ ਵਾਲੇ ਅਤੇ ਸਭ ਤੋਂ ਬਾਅਦ ਵਿਚ ਹਟਣ ਵਾਲੇ ਹੁੰਦੇ ਹਨ। ਕੰਮ ਸਰੀਰਕ ਤੌਰ `ਤੇ ਔਖਾ ਹੈ, ਪਰ ਦਿਲਚਸਪ ਹੈ!

info@collegeofthebcbt.ca | www.collegeofthebcbt.ca